www.prepp.in

Prepp
Your Personal Exams Guide



EGT-C-PNJB

# (FONT SIZE 16)

# ਪੰਜਾਬੀ / PUNJABI

## ( ਲਾਜ਼ਮੀ ) / ( COMPULSORY )

ਨਿਰਧਾਰਿਤ ਸਮਾਂ : ਤਿੰਨ ਘੰਟੇ
*Time Allowed :* ***Three Hours***

ਕੁੱਲ ਅੰਕ : 300
*Maximum Marks :* ***300***

## ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਿਦਾਇਤਾਂ

***ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਨਿਮਨ ਲਿਖਿਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ :***

*ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ ।*

*ਹਰ ਪ੍ਰਸ਼ਨ ਦੇ ਅੰਕ ਉਸ ਪ੍ਰਸ਼ਨ ਦੇ ਸਾਹਮਣੇ ਦਿੱਤੇ ਗਏ ਹਨ ।*

*ਜੇ ਪ੍ਰਸ਼ਨ ਬਾਰੇ ਕੋਈ ਹੋਰ ਨਿਰਦੇਸ਼ ਨਹੀਂ ਦਿੱਤਾ ਗਿਆ ਤਾਂ ਉਸ ਦਾ ਉੱਤਰ* ***ਪੰਜਾਬੀ (ਗੁਰਮੁਖੀ ਲਿਪੀ)*** *ਵਿਚ ਹੀ ਲਿਖੋ ।*

*ਜੇ ਪ੍ਰਸ਼ਨ ਦੇ ਉੱਤਰ ਦੀ ਕੋਈ ਸ਼ਬਦ-ਸੀਮਾ ਦਿੱਤੀ ਗਈ ਹੈ ਤਾਂ ਉਸਦਾ ਪਾਲਨ ਕਰੋ । ਜੇ ਉੱਤਰ ਬਹੁਤ ਲੰਮਾ ਜਾਂ ਫਿਰ ਬਹੁਤ ਛੋਟਾ ਹੋਇਆ ਤਾਂ ਅੰਕ ਕੱਟੇ ਜਾ ਸਕਦੇ ਹਨ ।*

*ਉੱਤਰ-ਕਾਪੀ ਦੇ ਖਾਲੀ ਰਹਿ ਗਏ ਹਰ ਪੰਨੇ ਨੂੰ ਜ਼ਰੂਰ ਕੱਟਿਆ ਜਾਏ ।*

## Question Paper Specific Instructions

***Please read each of the following instructions carefully before attempting questions :***

*All questions are to be attempted.*

*The number of marks carried by a question / part is indicated against it.*

*Answers must be written in* ***PUNJABI (Gurumukhi script)*** *unless otherwise directed in the question.*

*Word limit in questions, wherever specified, should be adhered to and if answered in much longer or shorter than the prescribed length, marks may be deducted.*

*Any page or portion of the page left blank in the Question-cum-Answer Booklet must be clearly struck off.*

www.prepp.in

Prepp
Your Personal Exams Guide

**Q1. ਹੇਠ ਲਿਖਿਆਂ ਵਿਚੋਂ ਕਿਸੇ ਇਕ ਵਿਸ਼ੇ ਬਾਰੇ 600 ਸ਼ਬਦਾਂ ਦਾ ਨਿਬੰਧ ਲਿਖੋ :** *100*

(a) ਲੋਕਤੰਤਰ ਵਿਚ ਨਿਆਂ ਪਾਲਿਕਾ ਦੀ ਭੂਮਿਕਾ

(b) ਵਾਤਾਵਰਣ ਅਤੇ ਆਤਮ ਨਿਰਭਰਤਾ

(c) ਵਿਸ਼ਵੀਕਰਨ ਵਿਚ ਭਾਸ਼ਾ ਦੀ ਭੂਮਿਕਾ

(d) ਭਾਰਤੀ ਅਰਥ ਵਿਵਸਥਾ ਅਤੇ ਉਸ ਦੀਆਂ ਚੁਣੌਤੀਆਂ

**Q2. ਹੇਠ ਲਿਖੇ ਗੱਦ-ਟੋਟੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸ ਦੇ ਅਧਾਰ ਤੇ ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਸਪਸ਼ਟ, ਸਹੀ ਤੇ ਸੰਖੇਪ ਭਾਸ਼ਾ ਵਿਚ ਦਿਉ :** *12×5=60*

ਸੰਸਾਰ ਦਾ ਧਿਆਨ ਗਾਂਧੀ ਜੀ ਵੱਲ ਇਸ ਲਈ ਖਿੱਚਿਆ ਗਿਆ ਕਿਉਂਕਿ ਉਨ੍ਹਾਂ ਨੇ ਪਸ਼ੂ ਬਲ ਦੇ ਸਾਹਮਣੇ ਆਤਮ ਬਲ ਨੂੰ ਹਥਿਆਰ ਬਣਾਇਆ, ਤੋਪਾਂ ਅਤੇ ਮਸ਼ੀਨਗੰਨਾਂ ਦਾ ਸਾਹਮਣਾ ਕਰਨ ਲਈ ਅਹਿੰਸਾ ਦਾ ਸਹਾਰਾ ਲਿਆ । ਪਰ ਸੋਚਣ ਦੀ ਗੱਲ ਇਹ ਹੈ ਕਿ ਉਨ੍ਹਾਂ ਨੇ ਅਹਿੰਸਾ ਦਾ ਸਹਾਰਾ ਕਿਉਂ ਲਿਆ ? ਕੀ ਇਸ ਲਈ ਕਿ ਉਹ ਅੰਗਰੇਜ਼ਾਂ ਦੇ ਵਿਰੁੱਧ ਹਿੰਸਾ ਦਾ ਸਹਾਰਾ ਲੈ ਕੇ ਭਾਰਤ ਨੂੰ ਅੰਗਰੇਜ਼ਾਂ ਕੋਲੋਂ ਮੁਕਤ ਨਹੀਂ ਕਰਵਾ ਸਕਦੇ ਸਨ ? ਜਾਂ ਇਸ ਲਈ ਕਿ ਉਹ ਮਾਨਵ ਸਮਾਜ ਨੂੰ ਇਹ ਸਿੱਖਿਆ ਦੇਣਾ ਚਾਹੁੰਦੇ ਸਨ ਕਿ ਜਦੋਂ ਤਕ ਮਨੁੱਖ ਪਸ਼ੂ ਬਿਰਤੀ ਵਾਲੇ ਸਾਧਨਾਂ ਦਾ ਪ੍ਰਯੋਗ ਕਰਨ ਲਈ ਮਜਬੂਰ ਹੈ ਤਦ ਤੱਕ ਉਹ ਪੂਰਾ ਮਨੁੱਖ ਅਖਵਾਉਣ ਦਾ ਅਧਿਕਾਰੀ ਨਹੀਂ ਹੋ ਸਕਦਾ । ਪਹਿਲੀ ਗੱਲ ਇਹ ਸਿੱਧ ਕਰਦੀ ਹੈ ਕਿ ਅਹਿੰਸਾ ਕਮਜ਼ੋਰ ਅਤੇ ਬੇਬੱਸ ਵਿਅਕਤੀ ਦਾ ਹਥਿਆਰ ਹੈ ਜਿਸ ਦਾ ਅਰਥ ਹੈ ਕਿ ਜਦੋਂ ਤਕ ਸਾਡੇ ਕੋਲ ਟੈਂਕ-ਤੋਪਾਂ ਨਹੀਂ ਹਨ ਤਾਂ ਫੇਰ ਸੱਤਿਆਗ੍ਰਹਿ ਹੀ ਸਹੀ । ਪਰ ਦੂਸਰੀ ਗੱਲ, ਅਹਿੰਸਾ ਮਨੁੱਖ ਲਈ ਵਿਕਾਸ ਦਾ ਸਾਧਨ ਬਣਾਉਂਦੀ ਹੈ, ਉਸ ਨੂੰ ਨਿਰਮਲ ਬਣਾਉਣ ਦਾ ਇਕ ਤਰੀਕਾ ਸਿੱਧ ਹੁੰਦੀ ਹੈ

ਇਹ ਗੱਲ ਸਹੀ ਹੈ ਕਿ ਜਦੋਂ ਮਹਾਤਮਾ ਗਾਂਧੀ ਦੀ ਅਗਵਾਈ ਵਿਚ ਭਾਰਤਵਾਸੀ ਅੰਗਰੇਜ਼ੀ ਹਕੂਮਤ ਦੇ ਖਿਲਾਫ਼ ਆਜ਼ਾਦੀ ਲਈ ਲੜਾਈ ਲੜ ਰਹੇ ਸਨ, ਉਦੋਂ ਬਹੁਤਿਆਂ ਦੀ ਇਹ ਸਮਝ ਸੀ ਕਿ ਅਹਿੰਸਾ ਸਿਰਫ਼ ਇਕ ਸਾਧਨ ਮਾਤਰ ਹੀ ਹੈ ਜਿਸ ਨੂੰ ਉਸ ਵੇਲੇ ਇਸ ਲਈ ਪ੍ਰਵਾਨ ਕਰ ਲਿਆ ਗਿਆ ਕਿਉਂਕਿ ਉਦੋਂ ਸਾਡੇ ਕੋਲ ਅੰਗਰੇਜ਼ਾਂ ਵਿਰੁੱਧ ਲੜਨ ਲਈ ਹਿੰਸਕ ਹਥਿਆਰਾਂ ਵਾਲੇ ਸਾਧਨ ਅਤੇ ਸਹੂਲਤਾਂ ਨਹੀਂ ਸਨ । ਪਰ ਗਾਂਧੀ ਜੀ ਇਸ ਵਿਚਾਰ ਨਾਲ ਆਪ ਸਹਿਮਤ ਨਹੀਂ ਸਨ । ਅਹਿੰਸਾ ਨੂੰ ਗੁਆ ਕੇ ਉਹ ਭਾਰਤ ਨੂੰ ਸੁਤੰਤਰ ਬਣਾਉਣ ਦੇ ਪੱਖ ਵਿਚ ਨਹੀਂ ਸਨ ਭਾਰਤ ਨੂੰ ਆਜ਼ਾਦ ਕਰਵਾਉਣਾ ਆਪਣੇ ਆਪ ਵਿਚ ਬਹੁਤ ਵੱਡਾ ਨਿਸ਼ਾਨਾ ਸੀ ਪਰ ਉਸ ਤੋਂ ਵੀ ਵੱਡਾ ਨਿਸ਼ਾਨਾ ਮਾਨਵੀ ਸੁਭਾਅ ਵਿਚ ਪਰਿਵਰਤਨ ਲਿਆਉਣਾ ਸੀ । ਮਨੁੱਖ ਨੂੰ ਇਹ ਵਿਸ਼ਵਾਸ ਦਿਵਾਉਣਾ ਸੀ ਕਿ ਜਿਹੜੇ ਉਦੇਸ਼ਾਂ ਦੀ ਪ੍ਰਾਪਤੀ ਲਈ ਉਹ ਪਾਸ਼ਵਿਕ ਸਾਧਨਾਂ ਦਾ ਸਹਾਰਾ ਲੈਂਦਾ ਹੈ, ਉਹੀ ਉਦੇਸ਼ਾਂ ਦੀ ਪੂਰਤੀ ਮਾਨਵੀ ਕਦਰਾਂ ਕੀਮਤਾਂ ਦੁਆਰਾ ਵੀ ਕੀਤੀ ਜਾ ਸਕਦੀ ਹੈ ।

ਗਾਂਧੀ ਜੀ ਦਾ ਮੁੱਖ ਮਕਸਦ ਆਪਣੇ ਦੇਸ਼ ਵਾਸੀਆਂ ਦੇ ਦੁੱਖ ਦਰਦਾਂ ਨੂੰ ਦੂਰ ਕਰਨਾ ਹੀ ਨਹੀਂ ਸੀ ਸਗੋਂ ਉਹ ਮਨੁੱਖ ਅੰਦਰਲੀ ਪਸ਼ੂ ਬਿਰਤੀ ਨੂੰ ਕੰਟਰੋਲ ਕਰਨਾ ਚਾਹੁੰਦੇ ਸਨ । ਨਫ਼ਰਤ, ਗੁੱਸਾ ਅਤੇ ਅੰਨ੍ਹਾ ਵੈਰ ਪਸ਼ੂਆਂ ਵਿਚ ਹੁੰਦੇ ਹਨ । ਉਹ ਆਪਣੇ ਵਿਰੋਧੀਆਂ ਨਾਲ ਇਨ੍ਹਾਂ ਬਿਰਤੀਆਂ ਦੁਆਰਾ ਟੱਕਰਦੇ ਹਨ । ਪਰ ਮਨੁੱਖ ਪਸ਼ੂਆਂ ਨਾਲੋਂ ਵੱਖਰਾ ਹੈ । ਇਸ ਕਰ ਕੇ ਮਨੁੱਖ ਲਈ ਚੰਗਾ ਇਹੋ ਹੈ ਕਿ ਉਹ ਆਪਣੀਆਂ ਪਸ਼ੂ-ਪ੍ਰਵਿਰਤੀਆਂ ਨੂੰ ਕਾਬੂ ਵਿਚ ਰੱਖੇ ਅਤੇ ਆਪਣੀਆਂ ਰੋਜ਼ਾਨਾ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਮਨੁੱਖਾਂ ਵਾਲੇ ਉਹ ਸਾਰੇ ਸਾਧਨਾਂ ਦੀ ਵਰਤੋਂ ਕਰੇ ਜਿਹੜੇ ਪਸ਼ੂਆਂ ਨੂੰ ਉਪਲਬਧ ਨਹੀਂ ਹਨ । ਹੁਣ ਇਹ ਸਵਾਲ ਪੈਦਾ ਹੁੰਦਾ ਹੈ ਕਿ ਗਾਂਧੀ ਜੀ ਨੇ ਅਜਿਹਾ ਨਿਰਨਾ ਕਿਉਂ ਲਿਆ ? ਅਹਿੰਸਾ ਦੀ ਅਜਿਹੀ ਵਰਤੋਂ ਭਾਰਤ ਵਿਚ ਹੀ ਕਿਉਂ ਸ਼ੁਰੂ ਹੋਈ ? ਕਿਸੇ ਹੋਰ ਦੇਸ਼ ਵਿਚ ਕਿਉਂ ਨਹੀਂ ਹੋਈ ? ਕਈ ਲੋਕ ਇਸ ਸਵਾਲ ਦੇ ਜਵਾਬ ਵਿਚ ਕਹਿਣਗੇ ਕਿ ਇਹ ਅਚਾਨਕ ਹੀ ਹੋ ਗਿਆ ਸੀ ਪਰ ਅਜਿਹਾ ਅਚਾਨਕ ਨਹੀਂ ਸੀ ਹੋਇਆ । ਕਿਹਾ ਜਾਂਦਾ ਹੈ ਕਿ ਸੱਤਿਆਗ੍ਰਹਿ ਜਾਂ ਨਿਮਰਤਾ ਭਰੀ ਅਵੱਗਿਆ ਦੀ ਕਲਪਨਾ ਅਮਰੀਕਾ ਦੇ

www.prepp.in

ਨਾਮਵਰ ਚਿੰਤਕ ਥੋਰੋ ਨੇ ਵੀ ਕੀਤੀ ਸੀ । ਇਸ ਦੀ ਥੋੜ੍ਹੀ ਧੁੰਦਲੀ ਝਲਕ ਰੂਸ ਦੇ ਮਹਾਨ ਸਾਹਿਤਕਾਰ ਟਾਲਸਟਾਏ ਵਿਚੋਂ ਵੀ ਮਿਲ ਜਾਂਦੀ ਹੈ । ਗਾਂਧੀ ਜੀ ਥੋਰੋ ਅਤੇ ਟਾਲਸਟਾਏ ਦੋਵਾਂ ਦੇ ਵਿਚਾਰਾਂ ਪਰੀਚਿਤ ਸਨ । ਇੱਥੇ ਭਾਰਤ ਵਿਚ ਵੀ, ਗਾਂਧੀ ਜੀ ਤੋਂ ਪਹਿਲਾਂ, ਅਰਬਿੰਦੋ ਨੇ ਸਿਵਲ ਨਾਫੁਰਮਾਨੀ ਅਤੇ ਅੰਗਰੇਜ਼ਾਂ ਨਾਲ ਨਾ-ਮਿਲਵਰਤਣ ਦਾ ਵਿਚਾਰ ਦੇ ਦਿੱਤਾ ਸੀ । ਪਰ ਫੇਰ ਵੀ ਮਹੱਤਵਪੂਰਨ ਸਵਾਲ ਹੈ ਕਿ ਇਨ੍ਹਾਂ ਵਿਚਾਰਾਂ ਨੂੰ ਸਭ ਤੋਂ ਪਹਿਲਾਂ ਭਾਰਤ ਵਿਚ ਹੀ ਕਿਉਂ ਲਾਗੂ ਕੀਤਾ ਗਿਆ ।

ਇਸ ਦਾ ਉੱਤਰ ਬੜਾ ਸਪਸ਼ਟ ਹੈ ਕਿ ਆਤਮ ਬਲ ਸਰੀਰਕ ਬਲ ਨਾਲੋਂ ਉੱਤਮ ਹੁੰਦਾ ਹੈ । ਇਸ ਸਚਾਈ ਨੂੰ ਜਿੰਨਾ ਭਾਰਤਵਾਸੀ ਸਮਝਦੇ ਸਨ ਉਨਾ ਕਿਸੇ ਹੋਰ ਦੇਸ਼ ਦੇ ਲੋਕ ਨਹੀਂ ਸਮਝਦੇ ਸਨ ਜਦੋਂ ਕਿ ਥੋਰੋ, ਟਾਲਸਟਾਏ, ਐਮਰਸਨ ਜਾਂ ਹੋਰਾਂ ਲੋਕਾਂ ਵਿਚ ਇਸ ਪ੍ਰਕਾਰ ਦੀ ਕੋਈ ਭਾਵਨਾ ਜਾਗੀ ਤਾਂ ਉਸ ਦੇ ਪਿੱਛੇ ਭਾਰਤੀ ਦਰਸ਼ਨ ਦੀ ਪ੍ਰੇਰਨਾ ਕੰਮ ਕਰ ਰਹੀ ਸੀ । ਨਿਮਰਤਾ ਸਹਿਤ ਅਵੱਗਿਆ ਤਕ ਚਲੇ ਜਾਣ ਦੀ ਸੋਚ ਇਸ ਦੇਸ਼ ਵਿਚ ਮੌਜੂਦ ਸੀ । ਅਜਿਹੀ ਕਲਪਨਾ ਤਕ ਉਹੀ ਵਿਅਕਤੀ ਜਾ ਸਕਦਾ ਸੀ ਜੋ ਜਾਂ ਤਾਂ ਭਾਰਤੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋਵੇ ਜਾਂ ਸੁਭਾਵਕ ਹੀ ਉਹ ਇਸ ਵਿਚਾਰ ਪ੍ਰਣਾਲੀ ਨਾਲ ਜੁੜ ਗਿਆ ਹੋਵੇ ਜੋ ਸੁਭਾਅ ਵਲੋਂ ਪਹਿਲਾਂ ਹੀ ਭਾਰਤੀ ਸੀ । ਥੋਰੋ ਅਤੇ ਟਾਲਸਟਾਏ ਦੇ ਸੰਬੰਧ ਵਿਚ ਦੋਵੇਂ ਹੀ ਵਿਕਲਪ ਜਾਂ ਬਦਲ ਸੰਭਵ ਰਹੇ ਹੋਣਗੇ । ਰਹਿ ਗਏ ਅਰਬਿੰਦੋ ਜੀ ਉਹ ਤਾਂ ਸਨ ਹੀ ਭਾਰਤੀ ।

(a) ਸੰਸਾਰ ਦਾ ਧਿਆਨ ਗਾਂਧੀ ਜੀ ਵੱਲ ਕਿਉਂ ਖਿੱਚਿਆ ਗਿਆ ? 12

(b) ਸੁਤੰਤਰਤਾ ਪ੍ਰਾਪਤੀ ਲਈ ਗਾਂਧੀ ਜੀ ਦੁਆਰਾ ਅਹਿੰਸਾ ਨੂੰ ਹੀ ਕਿਉਂ ਮੁੱਖ ਸਾਧਨ ਮੰਨਿਆ ਗਿਆ ? 12

(c) ਲੇਖਕ ਨੇ ਮਨੁੱਖ ਅਤੇ ਪਸ਼ੂ ਵਿਚ ਕਿਹੜਾ ਅੰਤਰ ਦੱਸਿਆ ਹੈ ? 12

(d) ਅਹਿੰਸਾ ਦਾ ਪ੍ਰਯੋਗ ਭਾਰਤ ਵਿਚ ਹੀ ਕਿਉਂ ਆਰੰਭ ਹੋਇਆ ? 12

(e) ਨਿਮਰਤਾ ਭਰੀ ਅਵੱਗਿਆ ਦੇ ਵਿਚਾਰ ਤੱਕ ਕੌਣ ਜਾ ਸਕਦਾ ਸੀ ? 12

www.prepp.in

**Q.3. ਹੇਠ ਲਿਖੇ ਵਾਰਤਕ-ਟੋਟੇ ਦਾ ਸਾਰ ਇਕ ਤਿਹਾਈ ਸ਼ਬਦਾਂ ਵਿਚ ਲਿਖੋ । ਸਿਰਲੇਖ ਦੇਣ ਦੀ ਜ਼ਰੂਰਤ ਨਹੀਂ ਹੈ । ਸੰਖੇਪ ਸਾਰ ਨੂੰ ਅਪਣੇ ਸ਼ਬਦਾਂ ਵਿਚ ਲਿਖੋ :** ***60***

ਅੱਜ ਦੇ ਮਨੁੱਖ ਨੂੰ ਇਤਿਹਾਸ ਅਤੇ ਸਮੇਂ ਦੇ ਨੇਮਾਂ-ਕਾਨੂੰਨਾਂ ਦਾ ਜਿੰਨਾ ਗਿਆਨ ਪ੍ਰਾਪਤ ਹੈ ਉਹ ਇਸ ਤੋਂ ਪਹਿਲਾਂ ਦੇ ਯੁੱਗ ਦੇ ਮਨੁੱਖ ਨੂੰ ਪ੍ਰਾਪਤ ਨਹੀਂ ਸੀ । ਅਸਲੀ ਅਰਥਾਂ ਵਿਚ ਉਹ 'ਇਤਿਹਾਸਕ ਮਨੁੱਖ' ਹੈ । ਇਕ ਤਰ੍ਹਾਂ ਨਾਲ ਇਤਿਹਾਸ-ਬੋਧ ਨੂੰ ਹੀ ਆਧੁਨਿਕਤਾ ਦਾ ਸਮਾਨਅਰਥੀ ਸਮਝ ਲਿਆ ਗਿਆ ਹੈ । ਮੱਧਕਾਲੀਨ ਸੰਸਕ੍ਰਿਤੀ ਵਿਚ ਧਰਮ ਦਾ ਜੋ ਕੇਂਦਰੀ ਸਥਾਨ ਸੀ ਉਹ ਸਥਾਨ ਹੌਲੀ ਹੌਲੀ ਇਤਿਹਾਸ ਨੂੰ ਮਿਲਦਾ ਗਿਆ ਹੈ । ਕੋਈ ਵਿਅਕਤੀ ਸਿਰਫ਼ ਅਪਣੇ ਪ੍ਰਕਿਰਤ ਆਲੇ ਦੁਆਲੇ ਵਿਚ ਹੀ ਨਹੀਂ ਰਹਿੰਦਾ ਸਗੋਂ ਉਹ ਇਤਿਹਾਸ ਦੇ ਸੰਦਰਭ ਵਿਚ ਜਿਉਂਦਾ ਹੈ । ਇਸ ਪ੍ਰਸੰਗ ਵਿਚ ਹਰ ਘਟਨਾ ਪਿਛਲੀ ਘਟਨਾ ਦੇ ਮੁਕਾਬਲੇ ਨਵੀਂ ਹੁੰਦੀ ਹੈ ਕਿਉਂਕਿ ਜੋ ਅੱਜ ਵਾਪਰ ਰਿਹਾ ਹੈ ਉਹ ਪਹਿਲਾਂ ਕਦੇ ਨਹੀਂ ਹੋਇਆ ਮਨੁੱਖ ਦੇ ਇਸ ਕ੍ਰਮਿਕ ਵਿਕਾਸ ਦੇ ਬੋਧ ਤੋਂ ਪ੍ਰਾਚੀਨ ਯੂਨਾਨ ਵਾਲੇ ਵੀ ਅਣਜਾਣ ਸਨ । ਉਨ੍ਹਾਂ ਲਈ ਇਹ ਅਜੀਬ ਅਤੇ ਓਪਰਾ ਸੀ ਇਹ ਭਾਰਤੀ ਬੁੱਧੀਮਾਨਾਂ ਲਈ ਵੀ ਉਨਾ ਹੀ ਅਜਨਬੀ ਸੀ । ਉਹ ਸਮੇਂ ਨੂੰ ਵਿਕਾਸ ਦੇ ਰੂਪ ਵਿਚ ਨਹੀਂ 'ਚੱਕਰ' ਦੇ ਰੂਪ ਵਿਚ ਵੇਖਦੇ ਸਨ । ਪਹਿਲਾਂ 'ਪਰੰਪਰਾ' ਮਨੁੱਖ ਦੇ ਅੰਦਰ ਸੀ ਜੋ ਉਸ ਦੀ ਜੀਵਨ ਸ਼ੈਲੀ ਨੂੰ ਅਨੁਸ਼ਾਸਤ ਕਰਦੀ ਸੀ । ਹੁਣ ਇਤਿਹਾਸ ਮਨੁੱਖ ਦੇ ਭਵਿੱਖ ਨੂੰ ਨਿਰਧਾਰਤ ਕਰਦਾ ਹੈ ਅਤੇ ਪਰੰਪਰਾ ਨੂੰ ਖੋਜਣ ਲਈ ਉਸ ਨੂੰ ਪਿੱਛੇ ਵੱਲ ਝਾਕਣਾ ਪੈਂਦਾ ਹੈ ।

ਪਰ ਇਹ ਗੱਲ ਸੱਚ ਹੈ ਕਿ ਇਤਿਹਾਸ ਦਾ ਜੋ ਪ੍ਰਭਾਵ ਅੱਜ ਸਾਡੇ ਜੀਵਨ ਵਿਚ ਹੈ ਉਹ ਪਹਿਲਾਂ ਕਦੇ ਨਹੀਂ ਸੀ ਪਰ ਇਸ ਦੇ ਨਾਲ ਹੀ ਇਹ ਗੱਲ ਵੀ ਸੱਚ ਹੈ ਕਿ ਅੱਜ ਮਨੁੱਖ ਇਤਿਹਾਸ ਅਤੇ ਸਮੇਂ ਤੋਂ ਪਰੇਸ਼ਾਨ ਹੈ । ਉਨੀਂਵੀਂ ਸਦੀ ਵਿਚ ਸਰਵ ਵਿਆਪਕ ਸੱਤਾ ਸੰਪੰਨ ਇਤਿਹਾਸ-ਬੋਧ ਜੋ

www.prepp.in

Your Personal Exams Guide

ਮਨੁੱਖ ਦੀ ਪ੍ਰਗਤੀ ਅਤੇ ਮੁਕਤੀ ਦਾ ਸੰਦੇਸ਼ ਲੈ ਕੇ ਆਇਆ ਸੀ ਉਹ ਸਾਡੇ ਸਮੇਂ ਤਕ ਆਉਂਦੇ ਆਉਂਦੇ ਇਕ ਕੋਝੇ ਮਜ਼ਾਕ ਦੇ ਰੂਪ ਵਿਚ ਬਦਲਿਆ ਵਿਖਾਈ ਦੇ ਰਿਹਾ ਹੈ । ਭਵਿੱਖ ਨੂੰ ਨਿਰਧਾਰਤ ਕਰਨ ਵਾਲੇ ਨੇਮ ਕਾਨੂੰਨ ਅਤੇ ਫ਼ਾਰਮੂਲੇ ਅਜੇ ਵੀ ਹਨ ਪਰ ਉਨ੍ਹਾਂ ਉੱਤੇ ਵੀਹਵੀਂ ਸਦੀ ਦੇ ਅੱਤਿਆਚਾਰਾਂ ਦਾ ਅਤੇ ਮੋਹ-ਭੰਗਤਾ ਦਾ ਇੰਨਾ ਗਹਿਰਾ ਪ੍ਰਭਾਵ ਹੈ ਕਿ ਉਹ ਭਵਿੱਖ ਦੇ ਬੰਦ ਕਮਰਿਆਂ ਵਿਚ ਫਿੱਟ ਨਹੀਂ ਹੁੰਦੇ ਹਨ । ਕਿਹਾ ਗਿਆ ਹੈ ਇਹ ਵਿਗਿਆਨਕ, ਤਾਰਕਸ਼ੀਲ, ਗੌਰਵਮਈ ਅਰਥ-ਬੋਧ ਜਿਸ ਨੇ ਮਨੁੱਖ ਨੂੰ ਉਸਦੇ ਆਪਣੇ ਹੀ ਭਵਿੱਖ ਪ੍ਰਤੀ ਅਸੁਰੱਖਿਅਤ, ਅਨਿਸ਼ਚਿਤ ਅਤੇ ਸੰਦੇਹ ਪੂਰਨ ਬਣਾ ਕੇ ਰੱਖ ਦਿੱਤਾ ਹੈ ।

ਇਹ ਨਹੀਂ ਕਿ ਅਸੀਂ ਆਪਣੇ ਭਵਿੱਖ ਬਾਰੇ ਜਾਣਦੇ ਨਹੀਂ ਹਾਂ । ਅੱਜ ਦੇ ਆਧੁਨਿਕ ਮਨੁੱਖ ਨੇ ਆਪਣੇ ਇਤਿਹਾਸ-ਬੋਧ ਤੋਂ ਪ੍ਰੇਰਤ ਹੋ ਕੇ, ਆਪਣੇ ਭਵਿੱਖ ਬਾਰੇ ਜੋ ਪਰਿਕਲਪਨਾ ਕੀਤੀ ਹੈ ਅਤੇ ਸੰਭਾਵਨਾ ਥਾਪੀ ਹੈ, ਉਸ ਦੇ ਆਧਾਰ ਉੱਤੇ ਭਵਿੱਖ ਦੀ ਸੰਪੂਰਨ ਤਸਵੀਰ ਉਲੀਕੀ ਜਾ ਸਕਦੀ ਹੈ । ਪਰ ਇਸ ਭਵਿੱਖ ਦਾ ਵਰਤਮਾਨ ਸਮੇਂ ਦੇ ਭਿਆਨਕ ਡਰਾਂ ਨਾਲ ਕੋਈ ਸੰਬੰਧ ਨਹੀਂ । ਬਲਕਿ ਇਹ ਕਹੀਏ ਕਿ ਵਰਤਮਾਨ ਦੇ ਭਿਆਨਕ ਡਰਾਂ ਤੋਂ ਬਚਣ ਲਈ ਇਸ 'ਇਤਿਹਾਸਕ ਭਵਿੱਖ' ਦਾ ਨਿਰਮਾਣ ਕੀਤਾ ਗਿਆ ਹੈ — ਉਹ ਚਾਹੇ ਵਰਗਹੀਣ ਜਾਂ ਜਮਾਤ ਰਹਿਤ ਸਮਾਜ ਦਾ ਸੁਪਨਾ ਹੋਵੇ ਜਾਂ ਕੰਪਿਊਟਰ ਨਿਰਮਿਤ 'ਰੋਬੋ' ਦਾ ਮਕਾਨਕੀ ਸੰਸਾਰ ਹੋਵੇ ... ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਅਸੀਂ ਵਾਸਤਵਿਕ ਸਮੇਂ ਵਿਚ ਨਹੀਂ, ਇਕ ਕਾਲਪਨਿਕ ਸਮੇਂ ਵਿਚ ਜਿਉਂ ਰਹੇ ਹਾਂ ਅਤੇ ਵਚਿੱਤਰ ਗੱਲ ਇਹ ਹੈ ਕਿ ਇਸ ਵਿਚ ਮਨੁੱਖ ਦੀ ਮੌਤ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ ਹੈ ਕਿਉਂਕਿ ਅਸੀਂ ਆਪ ਹੀ ਆਪਣੀ ਮੌਤ ਤੋਂ ਭੈਭੀਤ ਹੋ ਕੇ ਆਪਣੇ ਭਵਿੱਖਲੋਕ ਵਿਚ ਸ਼ਰਨ ਲੈ ਲਈ ਹੈ ।

www.prepp.in

Prepp
Your Personal Exams Guide

•

ਇਹ ਆਧੁਨਿਕ ਯੁਗ ਦੀ ਵਚਿੱਤਰ ਵਿਡੰਬਨਾ ਹੀ ਮੰਨੀ ਜਾਵੇਗੀ ਕਿ ਇਕ ਪਾਸੇ ਅਸੀਂ ਮਨੁੱਖ ਦੇ 'ਇਤਿਹਾਸ-ਬੋਧ' ਤੋਂ ਭੈਭੀਤ ਹਾਂ, ਦੂਜੇ ਪਾਸੇ ਮਰ ਚੁੱਕੇ ਅਤੀਤ ਅਤੇ ਕਾਲਪਨਿਕ ਭਵਿੱਖ ਦੇ ਵਿਚਕਾਰ ਇਤਿਹਾਸ ਦੀ ਅਪਣੀ ਹੀ ਜੀਵਨ ਧਾਰਾ ਸੁੱਕ-ਸੁੱਕ ਰਹੀ ਹੈ । ਜਿਸ ਤਰ੍ਹਾਂ ਨਦੀ ਵਿਚ ਡੁੱਬ ਰਿਹਾ ਬੰਦਾ ਪਾਣੀ ਨਾਲ ਰਿਸ਼ਤਾ ਨਹੀਂ ਜੋੜ ਸਕਦਾ ਉਸੇ ਤਰ੍ਹਾਂ ਇਤਿਹਾਸ ਵਿਚ ਡੁੱਬਿਆ ਮਨੁੱਖ ਸਮੇਂ ਦੇ ਰਹੱਸ ਨੂੰ, ਅਰਥ ਨੂੰ ਨਹੀਂ ਸਮਝ ਸਕਦਾ । ਉਹ ਇਤਿਹਾਸ ਤੋਂ ਪ੍ਰਭਾਵਤ ਹੋ ਸਕਦਾ ਹੈ ਪਰ ਉਸ ਅਪਣੇ ਜੀਵਨ ਅਤੇ ਮੌਤ ਦਾ ਗਵਾਹ ਨਹੀਂ ਬਣ ਸਕਦਾ; ਉਹ ਇਤਿਹਾਸ ਜੋ ਇਸ ਧਰਤੀ ਦਾ ਜਾਂ ਮਨੁੱਖ ਦਾ ਗਵਾਹ ਨਾ ਬਣ ਸਕੇ, ਉਸ ਦਾ ਕੀ ਅਰਥ ਰਹਿ ਜਾਂਦਾ ਹੈ । ਇਹੀ ਕਾਰਨ ਹੈ ਕਿ ਅੱਜ ਇਤਿਹਾਸ-ਬੋਧ ਆਧੁਨਿਕ ਮਨੁੱਖ ਦਾ ਅੰਧ ਵਿਸ਼ਵਾਸ ਬਣ ਕੇ ਰਹਿ ਗਿਆ ਹੈ ਜਿਸ ਕੋਲ ਉਹ ਭਵਿੱਖ ਦਾ ਅਰਥ ਖੋਜਣ ਨਹੀਂ ਜਾਂਦਾ ਸਗੋਂ ਭਵਿੱਖ ਤੋਂ ਛੁਟਕਾਰਾ ਪਾਉਣ ਜਾਂਦਾ ਹੈ ।

ਪਰ ਕੀ ਅਸੀਂ ਵਰਤਮਾਨ ਤੋਂ ਛੁਟਕਾਰਾ ਪਾ ਸਕਦੇ ਹਾਂ ? ਕੀ ਵਰਤਮਾਨ ਅਜੇਹਾ ਕੇਂਦਰ ਬਿੰਦੂ ਨਹੀਂ ਹੈ ਜਿਥੇ ਮਨੁੱਖ ਅਪਣੀ ਨਾਸ਼ਵਾਨਤਾ ਦੇ ਬਾਵਜੂਦ ਇਤਿਹਾਸ ਵਿਚ ਅਪਣੀ ਸੰਪੂਰਨ ਸਥਿਤੀ ਨੂੰ ਸਮਝਣ ਦੇ ਯੋਗ ਹੈ . ਇਥੇ ਇਕ ਪਾਸੇ ਮਨੁੱਖ ਨਾਸ਼ਵਾਨ ਹੈ ਅਤੇ ਦੂਜੇ ਪਾਸੇ ਉਹ ਇਤਿਹਾਸ ਵਿਚ ਜੀਵਤ ਹੈ । ਉਸ ਦੀ ਹੋਣੀ ਜਾਂ ਕਿਸਮਤ ਉਸ ਦੇ ਵਿਅਕਤੀਗਤ ਅਤੀਤ ਉੱਤੇ ਆਧਾਰਤ ਹੈ ਪਰ ਫੇਰ ਵੀ ਉਹ ਮਨੁੱਖ ਦੇ ਸਮੁੱਚੇ ਭਵਿੱਖ ਨੂੰ ਰੌਸ਼ਨ ਕਰਦੀ ਹੈ ਜਿਸ ਨਾਲ ਦੂਜੇ ਲੋਕਾਂ ਦੀ ਹੋਣੀ ਵੀ ਜੁੜੀ ਹੋਈ ਹੈ ।

(717 ਸ਼ਬਦ)

Prepp
Your Personal Exams Guide

**Q4. ਹੇਠ ਲਿਖੇ ਗੱਦ-ਟੋਟੇ ਦਾ ਅੰਗਰੇਜ਼ੀ ਵਿਚ ਅਨੁਵਾਦ ਕਰੋ :** *20*

ਵਰਤਮਾਨ ਯੁੱਗ ਸੂਚਨਾ ਅਤੇ ਤਕਨਾਲੋਜੀ ਦਾ ਹੈ । ਵਿਗਿਆਨ ਦੇ ਖੇਤਰ ਵਿਚ ਹੋ ਰਹੀਆਂ ਨਵੀਆਂ ਕਾਢਾਂ ਨੇ ਮਾਨਵ ਜਾਤੀ ਨੂੰ ਜਿਨ੍ਹਾਂ ਵਿਗਿਆਨਿਕ ਪ੍ਰਾਪਤੀਆਂ ਨਾਲ ਅਮੀਰ ਬਣਾਇਆ ਹੈ ਉਨ੍ਹਾਂ ਵਿਚ ਸੂਚਨਾ ਤਕਨੀਕ ਪ੍ਰਮੁੱਖ ਹੈ । ਵਿਸ਼ਵ ਦੇ ਕਿਸੇ ਵੀ ਕੋਨੇ ਵਿਚ ਬੈਠ ਕੇ ਅੱਜ ਅਸੀਂ ਇਨ੍ਹਾਂ ਵਿਗਿਆਨਕ ਉਪਕਰਨਾਂ ਦੀ ਮਦਦ ਨਾਲ ਕਿਧਰੋਂ ਵੀ, ਕੋਈ ਵੀ ਸੂਚਨਾ ਪ੍ਰਾਪਤ ਕਰ ਸਕਦੇ ਹਾਂ । ਸੂਚਨਾ ਪ੍ਰਣਾਲੀ ਦੀ ਇਸ ਸਹੂਲਤ ਨੇ ਦੇਸ਼ਾਂ ਵਿਚਲੀਆਂ ਦੂਰੀਆਂ ਘਟਾ ਦਿੱਤੀਆਂ ਹਨ । ਅੱਜ ਜਾਪਦਾ ਹੈ ਕਿ ਸੰਪੂਰਨ ਸੰਸਾਰ ਸਿਮਟ ਕੇ ਸਾਡੀ ਮੁੱਠੀ ਵਿਚ ਆ ਗਿਆ ਹੈ । ਵਿਗਿਆਨਕ ਪ੍ਰਗਤੀ ਦੇ ਇਸ ਯੁਗ ਵਿਚ 'ਵਿਸ਼ਵੀਕਰਨ' ਅਤੇ 'ਸਾਰੀ ਪ੍ਰਿਥਵੀ ਪਰਿਵਾਰ ਹੈ' ਵਾਲੀ ਧਾਰਨਾ ਤੇਜ਼ੀ ਨਾਲ ਫਲ ਫੁੱਲ ਰਹੀ ਪ੍ਰਤੀਤ ਹੁੰਦੀ ਹੈ

ਅਸੀਂ ਅੱਜ ਉਸ ਯੁੱਗ ਨੂੰ ਯਾਦ ਕਰੀਏ ਜਦੋਂ ਡਾਕ ਭੇਜਣ ਦੀ ਕੋਈ ਸਹੂਲਤ ਉਪਲਬਧ ਨਹੀਂ ਹੁੰਦੀ ਸੀ । ਸੂਚਨਾਵਾਂ ਦਾ ਆਦਾਨ ਪ੍ਰਦਾਨ ਸੰਦੇਸ਼-ਵਾਹਕਾਂ ਦੁਆਰਾ ਹੁੰਦਾ ਸੀ । ਇਸ ਕੰਮ ਵਿਚ ਬਹੁਤ ਲੰਮਾ ਸਮਾਂ ਲੱਗਦਾ ਸੀ । ਉਸ ਸਮੇਂ ਤਕ ਜੀਵਨ ਕਿੰਨਾ ਕਠਿਨ ਰਿਹਾ ਹੋਵੇਗਾ, ਇਸ ਦਾ ਸਹਿਜੇ ਅਨੁਮਾਨ ਲਾਉਣਾ ਅੱਜ ਆਸਾਨ ਨਹੀਂ ਹੈ । ਸਮੇਂ ਨੇ ਕਰਵਟ ਬਦਲੀ ਹੈ ਅਤੇ ਸੂਚਨਾਵਾਂ ਦੇ ਖੇਤਰ ਵਿਚ ਨਿੱਤ ਨਵੇਂ ਪ੍ਰਯੋਗ ਹੋਣ ਲੱਗੇ ਹਨ । ਡਾਕ-ਤਾਰ, ਟੈਲੀਫੋਨ, ਟੈਲੀਗ੍ਰਾਫ ਆਦਿ ਦੀ ਵਿਵਸਥਾ ਕੀਤੀ ਗਈ ਹੈ । ਪੱਤਰਾਂ ਦੁਆਰਾ ਸੰਦੇਸ਼ ਪਹੁੰਚਣ ਲੱਗੇ ਹਨ . ਜੀਵਨ ਵਿਚ ਗਤੀ ਆ ਗਈ ਹੈ । ਰੇਡੀਓ ਅਤੇ ਟੈਲੀਵਿਜ਼ਨ ਨੇ ਇਸ ਦਿਸ਼ਾ ਵਿਚ ਕਦਮ ਵਧਾਏ ਹਨ । ਕੰਪਿਊਟਰ ਦੇ ਆਉਣ ਨਾਲ ਸੂਚਨਾ ਜਗਤ ਵਿਚ ਕ੍ਰਾਂਤੀ ਦਾ ਆਰੰਭ ਹੋ ਗਿਆ ਹੈ । ਇੰਟਰਨੈੱਟ ਦੇ ਵਿਕਾਸ ਤੋਂ ਬਾਅਦ ਸਾਰੇ ਕੰਪਿਊਟਰ ਆਪਸ ਵਿਚ ਜੁੜ ਗਏ ਹਨ ਅਤੇ ਸੂਚਨਾ ਨੂੰ ਤੇਜ਼ੀ ਨਾਲ ਭੇਜਣ ਵਿਚ ਹੋਰ ਵੀ ਆਸਾਨੀ ਹੋ ਗਈ ਹੈ । ਸੂਚਨਾ ਜਗਤ ਵਿਚ ਨਵੇਂ, ਨਵੇਂ ਪਰਿਵਰਤਨ ਆ

ਰਹੇ ਹਨ ਅਤੇ ਨਵੀਂ ਤੋਂ ਨਵੀਂ ਜਾਣਕਾਰੀ ਤੁਰੰਤ ਮਿਲ ਜਾਂਦੀ ਹੈ । ਅੱਜ ਮਨੁੱਖ ਆਪਣੇ ਕਿਸੇ ਵੀ ਉਤਪਾਦ ਦਾ ਵਿਗਿਆਪਨ ਸਾਰੇ ਸੰਸਾਰ ਵਿਚ ਕਿਧਰੇ ਵੀ ਕਰ ਸਕਦਾ ਹੈ । ਉਹ ਪਰੰਪਰਕ ਹਥਿਆਰਾਂ ਨਾਲ ਲੜਨ ਤੋਂ ਬਗੈਰ ਯੁੱਧ ਕਰ ਸਕਦਾ ਹੈ । ਲਗਭਗ ਸਾਰੇ ਘਰਾਂ ਵਿਚ ਅਤੇ ਦਫ਼ਤਰਾਂ ਵਿਚ ਅੱਜ ਕੰਪਿਊਟਰ ਅਤੇ ਇੰਟਰਨੈੱਟ ਦੀ ਸਹੂਲਤ ਉਪਲਬਧ ਹੈ ਜਿਸ ਦੀ ਸਹਾਇਤਾ ਨਾਲ ਹਵਾਈ ਜਹਾਜ਼, ਰੇਲ, ਬੱਸ, ਸਿਨੇਮਾ ਆਦਿ ਦੀ ਟਿਕਟ ਬੁੱਕ ਕਰ ਸਕਦੇ ਹਾਂ । ਰਿਜ਼ਰਵੇਸ਼ਨ ਦੀ ਸਥਿਤੀ ਦੀ ਜਾਣਕਾਰੀ ਲਈ ਜਾ ਸਕਦੀ ਹੈ । ਸੜਕੀ ਆਵਾਜਾਈ ਦੀ ਸਥਿਤੀ ਦਾ ਪਤਾ ਲਗਾਇਆ ਜਾ ਸਕਦਾ ਹੈ । ਅੱਜ ਮੋਬਾਇਲ ਉੱਤੇ ਇੰਟਰਨੈੱਟ ਰਾਹੀਂ ਸਭ ਕੁਝ ਘਰ ਬੈਠੇ ਪ੍ਰਾਪਤ ਕੀਤਾ ਜਾ ਸਕਦਾ ਹੈ । ਸੰਖੇਪ ਵਿਚ ਸੂਚਨਾ ਅਤੇ ਸੰਚਾਰ ਦਾ ਸੌਖਾ ਤੇ ਸਸਤਾ ਸਾਧਨ ਹੈ ।

**Q5. ਹੇਠ ਲਿਖੇ ਵਾਰਤਕ-ਅੰਸ਼ ਦਾ ਪੰਜਾਬੀ ਵਿਚ ਅਨੁਵਾਦ ਕਰੋ :** ***20***

Democracy stands much superior to any other form of government in promoting dignity and freedom of the individual. Every individual wants to receive respect from fellow beings. Often conflicts arise among individuals because some feel that they are not treated with due respect. The passion for respect and freedom are the basis of democracy. Democracies throughout the world have recognised this, at least in principle. This has been achieved in various degrees in various democracies. For societies which have been built for long on the basis of subordination and domination, it is not a simple matter to recognise that all individuals are equal.

www.prepp.in

Prepp
Your Personal Exams Guide

Take the case of dignity of women. Most societies across the world were historically male dominated societies. Long struggles by women have created some sensitivity today that respect to and equal treatment of women are necessary ingredients of a democratic society. That does not mean that women are actually always treated with respect. But once the principle is recognised, it becomes easier for women to wage a struggle against what is now unacceptable legally and morally.

**Q6.** (a) **ਹੇਠ ਲਿਖੇ ਸ਼ਬਦ-ਜੋੜ ਸ਼ੁੱਧ ਕਰ ਕੇ ਲਿਖੋ :** *1×10=10*

(i) ਉਠੇਂਤਿ *1*

(ii) ਜੰਤ੍ਰ-ਮੰਤ੍ਰ *1*

(iii) ਘਾਮਾਰ *1*

(iv) ਸੋਹਾਸ *1*

(v) ਖੱਬਿਤਆਂ *1*

(vi) ਉਪਾਰੁ *1*

(vii) ਵਹਿਸ *1*

(viii) ਸੈਦਰ *1*

(ix) ਕੇੜਾ-ਮੀਠਾ *1*

(x) ਧੰਗਾ *1*

www.prepp.in

Prepp
Your Personal Exams Guide

(b) ਹੇਠ ਲਿਖੇ ਮੁਹਾਵਰਿਆਂ-ਅਖਾਣਾਂ ਦੇ ਅਰਥ ਦੱਸ ਕੇ ਉਨ੍ਹਾਂ ਨੂੰ ਵਾਕਾਂ ਵਿਚ ਵਰਤੋ : $2 \times 5 = 10$

(i) ਪੱਗੋ-ਲੱਥੀ ਹੋਣਾ 2

(ii) ਪਾਣੀ-ਪਾਣੀ ਹੋਣਾ 2

(iii) ਜੜ੍ਹੀਂ ਤੇਲ ਦੇਣਾ 2

(iv) ਇਕ ਕਰੇਲਾ, ਦੂਜਾ ਨਿੰਮ ਚੜ੍ਹਿਆ 2

(v) ਦੀਵੇ ਥੱਲੇ ਹਨੇਰਾ 2

(c) ਹੇਠ ਲਿਖੇ ਅਗੇਤਰ-ਪਿਛੇਤਰ ਲਾ ਕੇ ਸ਼ਬਦ ਬਣਾਓ : $1 \times 10 = 10$

(i) ਨਿਰ 1

(ii) ਬੇ 1

(iii) ਣ 1

(iv) ਵਾਲਾ 1

(v) ਅਣ 1

(vi) ਸਵੈ 1

(vii) ਕਰਨ 1

(viii) ਪੁਣ 1

(ix) ਬਦ 1

(x) ਉਪ 1

(d) ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇਕ ਸ਼ਬਦ ਦੀ ਵਰਤੋਂ ਕਰੋ : *1×10=10*

(i) ਜਿਹੜਾ ਰਸਾਲਾ ਦੋ ਮਹੀਨੇ ਬਾਅਦ ਛਪਦਾ ਹੋਵੇ । *1*

(ii) ਸਾਲ ਬਾਅਦ ਆਉਣ ਵਾਲਾ ਮਰਗ ਦਾ ਦਿਨ । *1*

(iii) ਜਿਸ ਨੂੰ ਹਰ ਚੀਜ਼ ਦਾ ਗਿਆਨ ਹੋਵੇ । *1*

(iv) ਜਦ ਸਾਰਿਆਂ ਦੀ ਇਕ ਰਾਇ ਹੋਵੇ *1*

(v) ਵਿਹਲੀਆਂ ਖਾਣ ਵਾਲਾ । *1*

(vi) ਉਹ ਜ਼ਮੀਨ ਜਿਹੜੀ ਉਪਜਾਊ ਨਾ ਹੋਵੇ । *1*

(vii) ਉਹ ਥਾਂ ਜਿੱਥੇ ਸਿੱਕੇ ਘੜਦੇ ਹੋਣ । *1*

(viii) ਜਿਹੜੀ ਜ਼ਮੀਨ ਵਾਹੀ ਅਧੀਨ ਹੋਵੇ *1*

(ix) ਪਿੰਡ ਦੇ ਲੋਕਾਂ ਦਾ ਪੰਚਾਇਤੀ ਇਕੱਠ । *1*

(x) ਨਗਰ ਵਿਚ ਢੰਡੋਰਾ ਦੇਣ ਵਾਲਾ ਵਿਅਕਤੀ । *1*